THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ: ਪੀਐਸਬੀਟੀਆਈਟੀ/1139 ਮਿਤੀ: 23.5.17

ਵੱਲ,

ਪ੍ਰਿੰਸੀਪਲ ਕਮ ਸਹਾਇਕ ਸਿਖਿਆਰਥੀਪਣ ਸਲਾਹਕਾਰ,
ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ,
ਅਪ੍ਰੈਂਟਿਸਸ਼ਿਪ ਸਕੀਮ ਅਧੀਨ।

ਵਿਸ਼ਾ: ਪੈਡਿੰਗ ਨੈਸ਼ਨਲ ਅਪ੍ਰੈਂਟਿਸਸ਼ਿਪ ਸਰਟੀਫਿਕੇਟ (National Apprenticeship Certificate) ਜਾਰੀ ਕਰਨ ਲਈ ਆਖਿਰੀ ਮੌਕਾ ਦੇਣ ਸਬੰਧੀ।

ਹਵਾਲਾ: ਇਸ ਦਫਤਰ ਦਾ ਪੱਤਰ ਨੰ: ਪੀਐਸਬੀਟੀਆਈਟੀ/465 ਮਿਤੀ 22-03-2017 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਬੋਰਡ ਦਫਤਰ ਦੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਪਹਿਲਾਂ ਵੀ ਸੂਚਿਤ ਕੀਤਾ ਗਿਆ ਸੀ ਕਿ ਪੈਡਿੰਗ ਨੈਸ਼ਨਲ ਅਪ੍ਰੈਂਟਿਸਸ਼ਿਪ ਸਰਟੀਫਿਕੇਟ ਸਬੰਧੀ ਡਾਟਾ ਨਿਰਧਾਰਿਤ ਐਕਸਲ ਫਾਰਮੇਟ ਵਿੱਚ ਭਰ ਕੇ ਮਿਤੀ 31-03-2017 ਤੱਕ ਬੋਰਡ ਦਫਤਰ ਵਿਖੇ ਭੇਜਿਆ ਜਾਵੇ ਤਾਂ ਜੋ ਸਬੰਧਤ ਡਾਟਾ ਡੀ.ਜੀ.ਟੀ, ਨਵੀਂ ਦਿੱਲੀ ਵਿਖੇ ਭੇਜ ਕੇ ਸਿਖਿਆਰਥੀਆਂ ਦੇ ਸਰਟੀਫਿਕੇਟ ਜਾਰੀ ਕਰਵਾਏ ਜਾ ਸਕਣ। ਇਸ ਤੋਂ ਇਲਾਵਾ ਸੰਸਥਾਵਾਂ ਨੂੰ ਈਮੇਲ ਰਾਹੀਂ ਵੀ ਉਪਰੋਕਤ ਸਬੰਧੀ ਸੂਚਨਾ ਦਿੱਤੀ ਗਈ ਸੀ, ਪਰੰਤੂ ਦੇਖਣ ਵਿੱਚ ਆਇਆ ਹੈ ਕਿ ਹਾਲੇ ਤੱਕ ਵੀ ਸਮੂਹ ਸਬੰਧਤ ਸੰਸਥਾਵਾਂ ਦੁਆਰਾ ਡਾਟਾ ਬੋਰਡ ਦਫਤਰ ਵਿਖੇ ਨਹੀਂ ਭੇਜਿਆ ਗਿਆ ਹੈ।

ਉਪਰੋਕਤ ਦੇ ਸਨਮੁੱਖ ਆਪ ਜੀ ਨੂੰ ਆਖਿਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜਿੰਨ੍ਹਾਂ ਸਿਖਿਆਰਥੀਆਂ ਨੂੰ ਹੁਣ ਤੱਕ ਨੈਸ਼ਨਲ ਅਪ੍ਰੈਂਟਿਸਸ਼ਿਪ ਸਰਟੀਫਿਕੇਟ ਜਾਰੀ ਨਹੀਂ ਹੋਏ ਹਨ, ਦਾ ਡਾਟਾ ਨੱਥੀ ਫਾਰਮੇਟ (Excel Sheet) ਵਿੱਚ ਭਰ ਕੇ, ਹਰ ਹਾਲਤ ਵਿੱਚ ਮਿਤੀ 25-05-2017 ਤੱਕ ਇਸ ਦਫਤਰ ਦੇ ਈਮੇਲ ਅਡਰੈਸ certificateissue217@gmail.com ਤੇ ਭੇਜਿਆ ਜਾਵੇ ਤਾਂ ਜੋ ਸਿਖਿਆਰਥੀਆਂ ਨੂੰ ਸਰਟੀਫਿਕੇਟ ਪਹਿਲ ਦੇ ਆਧਾਰ ਤੇ ਜਾਰੀ ਕਰਵਾਉਣ ਲਈ ਯੋਗ ਕਾਰਵਾਈ ਕੀਤੀ ਜਾ ਸਕੇ। ਇਸ ਤੋਂ ਬਾਦ ਸੰਸਥਾਵਾਂ ਨੂੰ ਡਾਟਾ ਭੇਜਣ ਲਈ ਹੋਰ ਕੋਈ ਵੀ ਮੌਕਾ ਨਹੀਂ ਦਿੱਤਾ ਜਾਵੇਗਾ।

ਉਪਰੋਕਤ ਹਦਾਇਤਾਂ ਦੀ ਇਨ ਬਿਨ ਪਾਲਣਾ ਯਕੀਨੀ ਬਣਾਈ ਜਾਵੇ । ਜੇਕਰ ਕਿਸੇ ਸੰਸਥਾ ਦੁਆਰਾ ਡਾਟਾ ਡਾਟਾ ਸਮੇਂ ਸਿਰ ਨਹੀਂ ਭੇਜਿਆ ਜਾਂਦਾ ਜਾਂ ਡਾਟਾ ਗਲਤ ਭੇਜਿਆ ਜਾਂਦਾ ਹੈ ਅਤੇ ਇਸ ਦੇ ਨਤੀਜੇ ਵੱਜੋਂ ਜੇਕਰ ਕਿਸੇ ਸਿਖਿਆਰਥੀ ਨੂੰ ਸਰਟੀਫਿਕੇਟ ਜਾਰੀ ਨਹੀਂ ਹੁੰਦਾ ਅਤੇ ਕੋਈ ਕਾਨੂੰਨੀ ਕਾਰਵਾਈ ਹੁੰਦੀ ਹੈ ਤਾਂ ਉਸ ਦੀ ਪੂਰਨ ਜ਼ਿੰਮੇਵਾਰੀ ਸੰਸਥਾ ਦੇ ਮੁਖੀ ਦੀ ਹੋਵੇਗੀ।

ਨੋਟ: ਜਿੰਨ੍ਹਾਂ ਸੰਸਥਾਵਾਂ ਦੁਆਰਾ ਪਹਿਲਾਂ ਸੂਚਨਾ ਭੇਜੀ ਜਾ ਚੁੱਕੀ ਹੈ, ਉਹਨਾਂ ਦੁਆਰਾ ਇਸ ਪੱਤਰ ਨੂੰ ਵਿਚਾਰਿਆ ਨਾ ਜਾਵੇ। ਸੂਚਨਾ ਕੇਵਲ ਨਿਰਧਾਰਿਤ ਐਕਸਲ ਫਾਰਮੇਟ ਵਿੱਚ ਭਰ ਕੇ ਸਾਫਟ ਕਾਪੀ ਦੇ ਰੂਪ ਵਿੱਚ ਨਿਰਧਾਰਿਤ ਈਮੇਲ ਅਡਰੈਸ ਤੇ ਹੀ ਭੇਜੀ ਜਾਵੇ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ
2. ਐਡਮਿਨ ਅਫਸਰ
3. ਸਿਸਟਮ ਐਡਮਿਨਸਰੇਟਰ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ